# ਪੇਰੇਂਟ ਪਾਰਟਨਰਸ਼ਿੱਪ ਸਰਵਿਸ ਕੀ ਪੇਸ਼ ਕਰਦੀ ਹੈ

## What the Parent Partnership Service Offers

ਅਸੀਂ ਤੁਹਾਡੇ ਲਈ ਹੇਠਾਂ ਲਿੱਖੀਆਂ ਗੱਲਾਂ ਪੇਸ਼ ਕਰ ਸਕਦੇ ਹਾਂ:

- ਜਾਣਕਾਰੀ
- ਟੈਲੀਫੋਨ ਹੈਲਪ ਲਾਇਨ
- ਭੇਦਭਰੀ/ਗੁਪਤ ਮਦਦ ਅਤੇ ਸਲਾਹਮਸ਼ਵਰਾ
- ਬਾਕਾਇਦਾ ਨਿਉਜ਼ਲੈਟਰ (ਖ਼ਬਰਾਂ ਦੇਣ ਲਈ ਚਿੱਠੀ)
- ਵਲੰਟਰੀ ਆਰਗਨਾਈਜੇਸ਼ਨਾਂ (ਸੰਸਥਾਵਾਂ) ਨਾਲ ਸੰਪਰਕ ਕਰਵਾਉਣੇ
- ਤੁਹਾਡੀ ਮਦਦ ਕਰਨ ਵਾਸਤੇ ਸਿਖਲਾਈ ਕੀਤਾ ਹੋਇਆ ਇੰਡੀਪੇਨਡੇਂਟ (ਨਿਰਪੱਖ) ਵਲੰਟੀਅਰ
- ਮਾਪਿਆਂ ਲਈ ਕਾਨਫਰੰਸਾਂ ਅਤੇ ਟ੍ਰੇਨਿੰਗ ਦਿਨ ਕਰਨੇ

Panjabi

# ਪੇਰੇਂਟ ਪਾਰਟਨਰਸ਼ਿੱਪ ਸਰਵਿਸ

**Parent Partnership service**

## ਨੌਟਿੰਘਮਸ਼ਾਇਰ ਕਾਉਂਟੀ ਕਾਉਂਸਲ ਅਤੇ ਨੌਟਿੰਘਮ ਸਿਟੀ ਕਾਉਂਸਲ ਦੀ ਪੇਰੇਂਟ ਪਾਰਟਨਰਸ਼ਿੱਪ (ਮਾਪਿਆਂ ਦੇ ਨਾਲ ਸਾਂਝਦਾਰੀ) ਸਰਵਿਸ

## ਸਪੈਸ਼ਲ ਏਜੁਕੇਸ਼ਨਲ ਨੀਡਜ਼ (ਖਾਸ ਵਿਦਿਅਕ ਲੋੜਾਂ) ਵਾਲੇ ਸਾਰੇ ਬੱਚਿਆਂ ਦੇ ਮਾਪਿਆਂ ਅਤੇ ਕੇਅਰਰਾਂ (ਦੇਖਭਾਲ ਕਰਨ ਵਾਲਿਆਂ) ਲਈ ਜਾਣਕਾਰੀ

## ਪੇਰੇਂਟ ਪਾਰਟਨਰਸ਼ਿੱਪ ਸਰਵਿਸ ਦੇ ਉਦੇਸ਼

**The Parent Partnership Service aims**

### ਅਸੀਂ ਹੇਠਾਂ ਲਿੱਖੀਆਂ ਗੱਲਾਂ ਕਰਨ ਦਾ ਉਦੇਸ਼ ਰੱਖਦੇ ਹਾਂ:

- ਤੁਹਾਨੂੰ ਏਜੁਕੇਸ਼ਨ ਸਿਸਟਮ ਬਾਰੇ ਜਾਣਕਾਰੀ ਪ੍ਰਦਾਨ ਕਰਨੀ ਕਿ ਇਹ ਸਪੈਸ਼ਲ ਏਜੁਕੇਸ਼ਨਲ ਨੀਡਜ਼ (ਖਾਸ ਵਿਦਿਅਕ ਲੋੜਾਂ) ਕਿਵੇਂ ਪੂਰੀਆਂ ਕਰਦਾ ਹੈ।
- ਤੁਹਾਡੀ ਮਦਦ ਕਰਨੀ ਕਿ ਪ੍ਰੋਫੈਸ਼ਨਲ ਤੁਹਾਡੇ ਵਿਚਾਰ ਸੁਨਣ ਅਤੇ ਉਹ ਤੁਹਾਡੇ ਵਿਚਾਰਾਂ ਦੀ ਕਦਰ ਕਰਨ।
- ਤੁਹਾਡੀ ਜਾਣਪਛਾਣ ਉਸ ਵਲੰਟੀਅਰ ਨਾਲ ਕਰਵਾਉਣੀ ਜੋ ਤੁਹਾਡੇ ਨਾਲ ਗੱਲਾਂ ਕਰਕੇ ਸਮਝਾ ਸਕਦਾ ਹੈ, ਲਿੱਖ ਲਿਖਾਈ ਦੇ ਕੰਮ ਵਿੱਚ ਮਦਦ ਜਾਂ ਮੀਟਿੰਗਾਂ ਵਿੱਚ ਤੁਹਾਡੇ ਨਾਲ ਸਾਥ ਦੇਕੇ ਤੁਹਾਡੀ ਮਦਦ ਕਰ ਸਕਦਾ ਹੈ।
- ਇਸ ਗੱਲ ਦਾ ਯਕੀਨ ਕਰਨਾ ਕਿ ਤੁਸੀਂ ਆਪਣੇ ਬੱਚੇ ਦੀ ਏਜੁਕੇਸ਼ਨ ਦੇ ਹਰ ਪਹਿਲੂ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋਵੋ।
- ਤੁਹਾਡੇ ਬੱਚੇ ਨੂੰ ਉਹ ਫੈਸਲੇ ਕਰਨ ਵਿੱਚ ਸ਼ਾਮਲ ਹੋਣ ਵਿੱਚ ਮਦਦ, ਜਿਨ੍ਹਾਂ ਦਾ ਅਸਰ ਉਨ੍ਹਾਂ ਤੇ ਹੁੰਦਾ ਹੋਵੇ ਅਤੇ ਉਸ ਦੇ ਆਪਣੇ ਵਿਚਾਰ ਅੱਗੇ ਰੱਖਣ ਵਿੱਚ ਮਦਦ ਕਰਨੀ।
- ਜਦੋਂ ਤੁਸੀਂ ਖ਼ੁਸ਼ ਨਹੀਂ ਹੋ ਤਾਂ ਤੁਹਾਡੇ ਝਗੜੇ/ਵਿਰੋਧ ਨੂੰ ਜ਼ਲਦੀ ਨਾਲ ਗੈਰਰਸਮੀ ਤੌਰ ਤੇ ਨਿਪਟਾਉਣ ਦੇ ਕਾਬਲ ਬਣਾਉਣਾ।
- ਸਕੂਲਾਂ ਅਤੇ ਲੋਕਲ ਅਥੌਰਿਟੀਆਂ ਦੇ ਨਾਲ ਮਿਲ ਕੇ ਕੰਮ ਕਰਨਾ ਤਾਂਕਿ ਜੋਵੀ ਉਨ੍ਹਾਂ ਬੱਚਿਆਂ ਨਾਲ ਸ਼ਾਮਲ ਹੈ ਜਿਨ੍ਹਾਂ ਦੀਆਂ ਸਪੈਸ਼ਲ ਏਜੁਕੇਸ਼ਨਲ ਨੀਡਜ਼ ਹਨ, ਉਨ੍ਹਾਂ ਵਿੱਚ ਅਸਰਦਾਇਕ ਸਾਂਝਦਾਰੀ ਹੋਣ ਨੂੰ ਤਰੱਕੀ ਮਿਲੇ।

### ‘ਆਪਣੇ ਬੱਚਿਆਂ ਲਈ ਮਾਪਿਆਂ ਕੋਲ ਸਭ ਜ਼ਰੂਰੀ ਜਾਣਕਾਰੀ ਹੁੰਦੀ ਹੈ ਅਤੇ ਉਨ੍ਹਾਂ ਦਾ ਬੱਚਿਆਂ ਦੀ ਏਜੁਕੇਸ਼ਨ ਲਈ ਕੰਮ ਕਰਨ ਵਿੱਚ ਹਿੱਸਾ ਪਾਉਣਾ ਬਹੁਤ ਹੀ ਗੰਭੀਰ ਹੁੰਦਾ ਹੈ’।

ਅਮਲੀ ਸਿਧਾਂਤ 2001

## ਪੇਰੇਂਟ ਪਾਰਟਨਰਸ਼ਿੱਪ ਸਰਵਿਸ ਕਿਸ ਦੇ ਨਾਲ ਕੰਮ ਕਰਦੀ ਹੈ

**Who the Parent Partnership Service works with**

### ਅਸੀਂ ਹੇਠਾਂ ਲਿੱਖੇ ਲੋਕਾਂ ਨਾਲ ਕੰਮ ਕਰਦੇ ਹਾਂ:

- ਸਪੈਸ਼ਲ ਏਜੁਕੇਸ਼ਨਲ ਨੀਡਜ਼ ਵਾਲੇ ਪ੍ਰੀ–ਸਕੂਲ (ਸਕੂਲ ਤੋਂ ਪਹਿਲਾਂ) ਅਤੇ ਸਕੂਲ ਦੀ ਉਮਰ ਦੇ ਬੱਚਿਆਂ ਦੇ ਮਾਪਿਆਂ ਅਤੇ ਕੇਅਰਰਾਂ ਦੇ ਨਾਲ
- ਨੌਟਿੰਘਮ ਸਿਟੀ ਅਤੇ ਨੌਟਿੰਘਮਸ਼ਾਇਰ ਕਾਉਂਟੀ ਲੋਕਲ ਅਥੌਰਿਟੀਆਂ ਦੇ ਨਾਲ
- ਸਕੂਲਾਂ ਅਤੇ ਪ੍ਰੀ–ਸਕੂਲ ਸਰਵਿਸਾਂ ਦੇ ਨਾਲ
- ਵਲੰਟਰੀ ਆਰਗਨਾਈਜੇਸ਼ਨਾਂ ਅਤੇ ਪੇਰੇਂਟ ਗਰੁੱਪਾਂ ਦੇ ਨਾਲ
- ਸਮੁੱਚੀ ਚਿਲਡਰਨ’ਸ ਸਰਵਿਸਜ਼ ਦੇ ਨਾਲ
- ਅਰਲੀ ਯੀਅਰ (ਸ਼ੁਰੂ ਦੇ ਸਾਲ) ਅਤੇ ਚਾਇਲਡਕੇਅਰ (ਬੱਚੇ ਦੀ ਦੇਖਭਾਲ) ਸਰਵਿਸਜ਼

ਸਾਨੂੰ ਵਿਸ਼ਵਾਸ਼ ਹੈ ਕਿ ਅਸੀਂ ਜਿਹੜੇ ਵੀ ਸਾਰੇ ਲੋਕਾਂ ਅਤੇ ਗਰੁੱਪਾਂ ਦੇ ਨਾਲ ਕੰਮ ਕਰਦੇ ਹਾਂ ਉਹ ਸਾਡੇ ਸਾਂਝੀਦਾਰ ਹਨ–ਸਾਂਝੀਆਂ ਜ਼ੁਮੇਂਵਾਰੀਆਂ ਵਾਲੇ ਲੋਕ, ਸਾਰੇ ਆਪਣੇ ਆਪਣੇ ਵਿਚਾਰ ਲਿਆਉਂਦੇ ਅਤੇ ਸੌਂਪੇ ਗਏ ਕੰਮ ਨੂੰ ਪੂਰਾ ਕਰਨ ਲਈ ਕਾਬਲੀਅਤ ਵਰਤਦੇ–ਇਸ ਗੱਲ ਦਾ ਯਕੀਨ ਕਰਦੇ ਹਨ ਕਿ ਸਪੈਸ਼ਲ ਏਜ਼ੁਕੇਸ਼ਨਲ ਨੀਡਜ਼ ਵਾਲੇ ਬੱਚਿਆਂ ਨੂੰ ਉੱਚੀ ਪੱਧਰ ਦੀ ਵਿਦਿਆ ਮਿਲੇ।

ਸਾਡੇ ਨਾਲ ਕਿਵੇਂ ਸੰਪਰਕ ਕਰਨਾ ਹੈ

ਲਿੱਖ ਕੇ
ਪੇਰੇਂਟ ਪਾਰਟਨਰਸ਼ਿੱਪ ਸਰਵਿਸ ਦਾ ਪਤਾ
Parent Partnership Service
Suite 5, Clarendon Chambers
32 Clarendon Street
Nottingham
NG1 5LN

ਟੈਲੀਫੋਨ ਕਰਕੇ: 0115 948 2888

ਈਮੇਲ ਕਰਕੇ: enquiries@ppsnotts.org.uk

ਵੈੱਬਸਾਈਟ ਤੇ: www.ppsnotts.org.uk

ਜੇ ਤੁਸੀਂ ਸਾਡੀ ਮੇਲਿੰਗ ਲਿਸਟ ਵਿੱਚ ਆਪਣਾ ਨਾਂ ਦੇਣਾ ਚਾਹੁੰਦੇ ਹੋ, ਜਾਂ ਤੁਹਾਨੂੰ ਜਾਣਕਾਰੀ ਅਤੇ ਸਲਾਹ ਮਸ਼ਵਰਾ ਚਾਹੀਦਾ ਹੈ ਤਾਂ ਮਿਹਰਬਾਨੀ ਕਰਕੇ ਹੇਠਾਂ ਲਿੱਖੀ ਪਰਚੀ ਭਰਕੇ ਵਾਪਸ ਭੇਜ ਦਿਉ।

---

ਤੁਹਾਡਾ ਨਾਂ, ਪਤਾ ਅਤੇ ਟੈਲੀਫੋਨ ਨੰਬਰ

ਸਪੈਸ਼ਲ ਏਜ਼ੁਕੇਸ਼ਨਲ ਨੀਡਜ਼ ਵਾਲੇ ਬੱਚੇ ਨਾਲ ਤੁਹਾਡਾ ਰਿਸ਼ਤਾ

ਤੁਸੀਂ ਕੀ ਜਾਣਕਾਰੀ ਚਾਹੁੰਦੇ ਹੋ, ਤੁਹਾਡੇ ਸਵਾਲ ਜਾਂ ਸਾਡੇ ਨਾਲ ਸੰਪਰਕ ਕਰਨ ਦਾ ਤੁਹਾਡਾ ਕਾਰਣ

ਜੋ ਜਾਣਕਾਰੀ ਤੁਸੀਂ ਦੇਵੋਗੇ ਉਹ ਸਾਡੀ ਮੇਲਿੰਗ ਲਿਸਟ ਵਿੱਚ ਰੱਖੀ ਜਾਵੇਗੀ।

ਵਲੰਟਰੀ ਆਰਗਨਾਈਜ਼ੇਸ਼ਨਾਂ ਅਤੇ ਪੇਰੇਂਟ ਸਪੋਰਟ ਗਰੁੱਪ ਪਰਿਵਾਰਾਂ ਲਈ ਸਰਵਿਸਾਂ ਪ੍ਰਦਾਨ ਕਰਨ ਵਿੱਚ ਅਤੀ ਜ਼ਰੂਰੀ ਰੋਲ ਅਦਾ ਕਰਦੇ ਹਨ। ਅਸੀਂ ਮਾਪਿਆਂ ਵਾਸਤੇ ਮਦਦ ਪ੍ਰਦਾਨ ਕਰਨ ਵਾਲਾ ਨੈੱਟਵਰਕ ਬਣਾਉਣ ਲਈ ਲੋਕਲ ਅਤੇ ਨੈਸ਼ਨਲ ਗਰੁੱਪਾਂ ਨਾਲ ਬਹੁਤ ਮਿਲ ਕੇ ਕੰਮ ਕਰਦੇ ਹਾਂ।

ਸਾਡੇ ਕੰਮ ਦਾ ਪ੍ਰਬੰਧ ਕਰਨ ਅਤੇ ਇਸ ਤੇ ਨਿਗਰਾਨੀ ਰੱਖਣ ਲਈ ਵਲੰਟਰੀ ਆਰਗਨਾਈਜ਼ੇਸ਼ਨਾਂ ਦੇ ਪ੍ਰਤੀਨਿੱਧ ਅਤੇ ਮਾਪੇ ਸ਼ਾਮਲ ਹੁੰਦੇ ਹਨ।

ਤੁਸੀਂ ਇਸ ਪਰਚੇ ਦੀਆਂ ਨਕਲਾਂ ਵੱਡੇ ਅੱਖਰਾਂ ਵਿੱਚ, ਬ੍ਰੇਲ ਅੱਖਰਾਂ ਵਿੱਚ ਅਤੇ ਟੇਪ ਤੇ ਉਰਦੂ, ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਲੈ ਸਕਦੇ ਹੋ।

ਅਸੀਂ ਕਈ ਕਿਸਮ ਦੇ ਜਾਣਕਾਰੀ ਦੇ ਪਰਚੇ ਮਾਪਿਆਂ ਲਈ ਤਿਆਰ ਕੀਤੇ ਹਨ। ਜੇ ਤੁਸੀਂ ਇਨ੍ਹਾਂ ਬਾਰੇ ਵੇਰਵੇ ਚਾਹੁੰਦੇ ਹੋ ਮਿਹਰਬਾਨੀ ਕਰਕੇ ਸਾਡੇ ਨਾਲ ਸੰਪਰਕ ਕਰੋ।

ਪੇਰੇਂਟ ਪਾਰਟਨਰਸ਼ਿੱਪ ਸਰਵਿਸ ਵਲੰਟਰੀ ਸੈਕਟਰ ਵਿੱਚ ਰੱਖੀ ਗਈ ਹੈ ਅਤੇ ਨੌਟਿੰਘਮਸ਼ਾਇਰ ਕਾਉਂਟੀ ਕਾਉਂਸਲ ਅਤੇ ਨੌਟਿੰਘਮ ਸਿਟੀ ਕਾਉਂਸਲ ਵਲੋਂ ਇਸ ਨੂੰ ਫੰਡ (ਪੈਸਾ) ਦਿੱਤਾ ਗਿਆ ਹੈ।